# ਮਾਲਵਾ ਸੈਂਟਰਲ ਕਾਲਜ ਆਫ ਐਜੂਕੇਸ਼ਨ ਫਾਰ ਵਿਮੈਨ

ਲੁਧਿਆਣਾ

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ
## 400ਵੇਂ ਜਨਮ ਸ਼ਤਾਬਦੀ ਨੂੰ

ਸਮਰਪਿਤ

# ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

## ਇੱਕ ਰੋਜ਼ਾ ਨੈਸ਼ਨਲ ਵੈੱਬੀਨਾਰ

**18 ਜੁਲਾਈ, 2020 (ਸ਼ਨੀਵਾਰ)**

**Last date for Registration: 17.07.2020**

**Registration form link:**

**https://forms.gle/7q7mjE9nfNLrnfBX9**

**Convener**
Dr. Naginder Kaur
Principal

**Organising Committee:**
Dr. Sukhdev Singh Programme Officer
Dr. Tripta Programme Officer
Dr. Sukhwinder Singh Programme Officer

## ਸੰਸਥਾ ਬਾਰੇ:

ਮਾਲਵਾ ਸੈਂਟਰਲ ਕਾਲਜ ਆਫ ਐਜੂਕੇਸ਼ਨ ਫਾਰ ਵਿਮੈਨ, ਲੁਧਿਆਣਾ ਜੋ ਕਿ ਪਹਿਲਾਂ ਮਾਲਵਾ ਟ੍ਰੇਨਿੰਗ ਕਾਲਜ, ਲੁਧਿਆਣਾ ਵਜੋਂ ਜਾਣਿਆ ਜਾਂਦਾ ਸੀ, ਦੀ ਸਥਾਪਨਾ 1955 ਵਿਚ ਖਾਲਸਾ ਦੀਵਾਨ, ਲੁਧਿਆਣਾ ਦੁਆਰਾ ਕੀਤੀ ਗਈ ਸੀ। ਸੰਸਥਾ ਦੀ ਸਥਾਪਨਾ ਦਾ ਉਦੇਸ਼, ਸਾਰਿਆਂ ਲਈ ਆਮ ਤੌਰ ਤੇ ਅਤੇ ਖਾਸਕਰ ਪੰਜਾਬ ਦੀਆਂ ਪੇਂਡੂ ਕੁੜੀਆਂ ਲਈ ਪੇਸ਼ੇਵਰ ਸਿੱਖਿਆ ਸਹੂਲਤਾਂ ਨੂੰ ਉਤਸ਼ਾਹਤ ਕਰਨਾ ਰਿਹਾ ਹੈ। ਮਾਲਵਾ, ਅਧਿਆਪਕ ਸਿਖਲਾਈ ਦੇ ਖੇਤਰ ਦੀ ਇਕ ਸਿਰਮੌਰ ਸੰਸਥਾ ਹੈ।ਸੰਸਥਾ, ਭਵਿੱਖ ਦੇ ਅਧਿਆਪਕਾਂ ਨੂੰ ਉੱਤਮ ਸਿਖਲਾਈ ਅਤੇ ਹੁਨਰ ਵਿਕਾਸ ਪ੍ਰਦਾਨ ਕਰਨ ਲਈ ਹਮੇਸ਼ਾ ਯਤਨਸ਼ੀਲ਼ ਹੈ।

## ਵੈੱਬੀਨਾਰ ਬਾਰੇ ਦੋ ਸ਼ਬਦ:

ਸਿੱਖ ਧਰਮ, ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਸਥਾਪਤ ਵਿਸ਼ਵ ਦਾ ਅਧੁਨਿਕ ਅਤੇ ਨਿਵੇਕਲਾ ਧਰਮ ਹੈ।ਵਿਲੱਖਣ ਪ੍ਰੰਪਰਾਵਾਂ, ਸਰਬੱਤ ਦੇ ਭਲੇ ਨੂੰ ਪਰਨਾਈ ਸਿਧਾਂਤਕ ਫਿਲਾਸਫੀ, ਕਿਰਤ ਕਰੋ, ਵੰਡ ਛਕੋ, ਨਾਮ ਜਪੋ ਜਿਹੀਆਂ ਸਰਬਉੱਚ ਕਦਰਾਂ ਕੀਮਤਾਂ ਅਤੇ ਸ਼ਹਾਦਤਾਂ ਭਰਿਆ ਇਤਿਹਾਸ ਇਸ ਨੂੰ ਦੁਨੀਆਂ ਦੇ ਇੱਕ ਵਿਲੱਖਣ ਧਰਮ ਵਜੋਂ ਸਥਾਪਿਤ ਕਰਦਾ ਹੈ।ਸ੍ਰੀ ਗੁਰੂ ਨਾਨਕ ਦੇਵ ਜੀ ਦੀ 9ਵੀਂ ਜੋਤ, ਹਿੰਦ ਦੀ ਚਾਦਰ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਜਨਮ ਸ਼ਤਾਬਦੀ ਦਿਵਸ ਤੇ ਉਨ੍ਹਾਂ ਦੇ ਧਾਰਮਿਕ ਸਹਿਹੋਂਦ ਅਤੇ ਸੱਚੇ ਰਾਸ਼ਟਰਵਾਦੀ ਸੰਕਲਪ ਲਈ ਆਪਣੀ ਸ਼ਹਾਦਤ ਰਾਹੀ ਪੂਰੀ ਮਾਨਵਤਾ ਅਤੇ ਖਾਸ ਕਰ ਭਾਰਤੀ ਉਪਮਾਂਹਦੀਪ ਲਈ ਪਾਏ ਯੋਗਦਾਨ ਨੂੰ ਸਿਜਦਾ ਕਰਦਿਆਂ ਮਾਲਵਾ ਸੈਂਟਰਲ ਕਾਲਜ ਆਫ ਐਜੂਕੇਸ਼ਨ ਫਾਰ ਵਿਮੈਨ, ਲੁਧਿਆਣਾ ਵੱਲੋਂ **"ਹਿੰਦ ਦੀ ਚਾਦਰ *ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ*"** ਵਿਸ਼ੇ ਤੇ ਇੱਕ ਰੋਜ਼ਾ ਨੈਸ਼ਨਲ ਵੈੱਬੀਨਾਰ ਦਾ ਆਯੋਜਨ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਇਸ ਵੈੱਬੀਨਾਰ ਦੇ ਆਯੋਜਨ ਕਰਨ ਦਾ ਉਦੇਸ਼ ਆਉਣ ਵਾਲੀਆਂ ਪੀੜੀਆਂ ਨੂੰ ਗੁਰੂ ਜੀ ਵੱਲੋਂ ਆਪਣੀ ਸ਼ਹਾਦਤ ਰਾਹੀਂ ਰਾਸ਼ਟਰਵਾਦ ਦੇ ਸੰਕਲਪ ਅਤੇ ਮਾਨਵਤਾ ਦੀ ਭਲਾਈ ਲਈ ਪਾਏ ਵੱਡਮੁੱਲੇ ਯੋਗਦਾਨ ਤੋਂ ਜਾਣੂ ਕਰਵਾਉਣਾ ਹੈ।

## ਸ੍ਰੋਤ ਵਿਅਕਤੀ:



**ਡਾ.ਸਰਬਜਿੰਦਰ ਸਿੰਘ,**

**(ਪ੍ਰੋਫੈਸਰ ਅਤੇ ਮੁਖੀ)**
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਅਤੇ
ਚੇਅਰਪਰਸਨ, ਭਾਈ ਗੁਰਦਾਸ ਚੇਅਰ,
ਪੰਜਾਬੀ ਯੂਨਵਿਰਸਿਟੀ, ਪਟਿਆਲਾ

ਡਾ.ਸਰਬਜਿੰਦਰ ਸਿੰਘ, ਪ੍ਰੋਫੈਸਰ ਅਤੇ ਮੁਖੀ, ਸ੍ਰੀ ਗੁਰੁ ਗ੍ਰੰਥ ਸਾਹਿਬ ਆਧਿਐਨ ਵਿਭਾਗ ਅਤੇ ਚੇਅਰਪਰਸਨ, ਭਾਈ ਗੁਰਦਾਸ ਚੇਅਰ, ਪੰਜਾਬੀ ਯੂਨਵਿਰਸਿਟੀ, ਪਟਿਆਲਾ ਅਕਾਦਮਿਕ ਖੇਤਰ ਦੀ ਇਕ ਜਾਣੀ ਪਛਾਣੀ ਸ਼ਖਸੀਅਤ ਹਨ, ਜੋ ਕਿ ਪਿਛਲੇ ਲੰਮੇਂ ਸਮੇਂ ਤੋਂ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਅਧਿਆਪਨ, ਅਧਿਐਨ ਅਤੇ ਖੋਜ ਕਾਰਜਾਂ ਨੂੰ ਪ੍ਰਫੁਲਿਤ ਕਰਨ ਲਈ ਕਾਰਜਸ਼ੀਲ ਹਨ।ਸਿੱਖ ਇਤਿਹਾਸ ਅਤੇ ਧਰਮ ਸ਼ਾਸਤਰ ਵਿੱਚ ਪੀਐਚ ਡੀ ਹੋਣ ਕਾਰਨ ਆਪ ਜੀ ਦੇ ਮੁਹਾਰਤ ਦਾ ਖੇਤਰ ਹੀ ਸਿੱਖ ਇਤਿਹਾਸ ਅਤੇ ਧਰਮ ਅਧਿਐਨ ਹੈ। ਆਪ ਜੀ ਹੂਣ ਤੱਕ 22 ਖੋਜਾਰਥੀਆਂ ਨੂੰ ਪੀਐਚ ਡੀ ਕਰਵਾ ਚੁੱਕੇ ਹਨ। ਲੇਖਣ ਦੇ ਨਾਲ ਨਾਲ ਆਪ ਜੀ ਨੂੰ ਅਕਾਦਮਿਕ ਖੇਤਰ ਵਿੱਚ ਪਾਏ ਯੋਗਦਾਨ ਕਾਰਨ ਵੱਖ- ਵੱਖ ਸੰਸਥਾਵਾਂ ਵੱਲੋਂ ਬਹੁਤ ਸਾਰੇ ਅਵਾਰਡਾਂ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ।ਆਪ ਜੀ ਇਕ ਉਚ ਕੋਟੀ ਦੇ ਬੁਲਾਰੇ ਹਨ ਅਤੇ ਹੁਣ ਤੱਕ ਸਿੱਖ ਧਰਮ, ਸਾਹਿਤ ਅਤੇ ਇਤਿਹਾਸ ਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਭਾਸ਼ਣ ਦੇ ਚੁੱਕੇ ਹਨ।



**ਡਾ.ਮਨਵਿੰਦਰ ਸਿੰਘ,**
**(ਅਸਿਸਟੈਂਟ ਪ੍ਰੋਫੈਸਰ)**
ਗੁਰੂ ਨਾਨਕ ਅਧਿਐਨ ਵਿਭਾਗ
ਗੁਰੂ ਨਾਨਕ ਦੇਵ ਯੂਨਵਿਰਸਿਟੀ,
ਅੰਮ੍ਰਿਤਸਰ

ਡਾ. ਮਨਵਿੰਦਰ ਸਿੰਘ, ਅਸਿਸਟੈਂਟ ਪ੍ਰੋਫੈਸਰ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨਿਵਰਸਿਟੀ, ਅਮ੍ਰਿੰਤਸਰ, ਅਕਾਦਮਿਕ ਖੇਤਰ ਦੀ ਇਕ ਜਾਣੀ ਪਛਾਣੀ ਸ਼ਖਸੀਅਤ ਹਨ, ਜੋ ਕਿ ਪਿਛਲੇ 25 ਸਾਲਾਂ ਤੋਂ ਸਿੱਖ ਧਰਮ ਅਤੇ ਵਿਸ਼ੇਸ ਕਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫਲਸਫੇ, ਧਰਮ ਅਧਿਐਨ, ਮੱਧਕਾਲੀ ਸਿੱਖ ਸਾਹਿਤ ਅਤੇ ਸਿੱਖ ਇਤਿਹਾਸ ਵਿੱਚ ਖੋਜ ਕਾਰਜਾਂ ਨੂੰ ਪ੍ਰਫੁਲਿਤ ਕਰਨ ਲਈ ਕਾਰਜਸ਼ੀਲ ਹਨ। ਆਪ ਜੀ ਦੀਆਂ ਹੁਣ ਤੱਕ ਤਿੰਨ ਕਿਤਾਬਾਂ ਛਪ ਚੁੱਕੀਆਂ ਹਨ ਜਿਨ੍ਹਾਂ ਵਿਚੋਂ, ਗੁਰਬਿਲਾਸ ਪਾਤਿਸਾਹੀ ਦਸਮੀ (ਕ੍ਰਿਤ ਭਾਈ ਸੁਖਾ ਸਿੰਘ) ਸੰਪਾਦਨ ਅਤੇ ਪਾਠ, ਪ੍ਰੋ. ਸਾਹਿਬ ਸਿੰਘ ਸੰਦਰਭ ਕੋਸ਼, ਅਤੇ ਗੁਰਰਤਨਾਵਲੀ (ਕ੍ਰਿਤ ਤੋਲਾ ਸਿੰਘ ਭੱਲਾ) ਸੰਪਾਦਨ ਅਤੇ ਪਾਠ ਆਲੋਚਨ, ਮੁੱਖ ਰੂਪ ਵਿੱਚ ਸ਼ਾਮਿਲ ਹਨ। ਹੁਣ ਤਕ 70 ਦੇ ਕਰੀਬ ਖੋਜ ਪੱਤਰ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਸੈਮੀਨਾਰਾਂ ਵਿੱਚ ਪ੍ਰਸੁਤਤ ਕਰ ਚੁੱਕੇ ਹਨ। ਉਨ੍ਹਾਂ ਦੀ ਨਿਗਰਾਨੀ ਹੇਠ 5 ਵਿਦਿਆਰਥੀ ਪੀਐਚ ਡੀ ਅਤੇ 25 ਵਿਦਿਆਰਥੀ ਐਮ ਫਿੱਲ ਦੀ ਡਿਗਰੀ ਪ੍ਰਾਪਤ ਕਰ ਚੁੱਕੇ ਹਨ। 1992 ਨੂੰ ਯੂਨੀਵਰਸਿਟੀ ਦੇ ਸਥਾਪਨਾ ਦਿਵਸ ਮੌਕੇ ਦੇ ਮੋਕੇ ਉੱਪਰ ਡਾ. ਮਨਵਿੰਦਰ ਸਿੰਘ ਨੂੰ ਪੰਜਾਬੀ ਲੇਖਕ ਦੇ ਤੌਰ ਉੱਤੇ ਸ. ਉਧਮ ਸਿੰਘ ਐਵਾਰਡ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਆਪ ਜੀ ਇਤਿਹਾਸ ਦੇ ਲੇਖਣ ਦੇ ਨਾਲ-ਨਾਲ ਇਕ ਉੱਚ ਕੋਟੀ ਦੇ ਬੁਲਾਰੇ ਵੀ ਹਨ ਅਤੇ ਹੁਣ ਤੱਕ ਸਿੱਖ ਧਰਮ, ਸਾਹਿਤ ਅਤੇ ਇਤਿ... ...ਾਰਾਂ ਭਾਸ਼ਣ ਦੇ ਚੁੱਕੇ ਹਨ।

ਪਹਿਲਾ ਤਕਨੀਕੀ ਸ਼ੈਸਨ: **ਸਮਾਂ: 10.30 am ਤੋਂ 11:30 am**

**ਸ੍ਰੋਤ ਵਕਤਾ: ਡਾ.ਸਰਬਜਿੰਦਰ ਸਿੰਘ**

ਵਿਸ਼ਾ: ਸਿੱਖ ਧਰਮ ਵਿੱਚ ਸ਼ਹਾਦਤ ਦਾ ਸੰਕਲਪ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੀ ਵਿਲੱਖਣਤਾ

ਦੂਜਾ ਤਕਨੀਕੀ ਸ਼ੈਸਨ: **ਸਮਾਂ: 11.35am ਤੋਂ 12:35 pm**

**ਸ੍ਰੋਤ ਵਕਤਾ: ਡਾ.ਮਨਵਿੰਦਰ ਸਿੰਘ**

ਵਿਸ਼ਾ: ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ, ਰਚਨਾ ਅਤੇ ਯੋਗਦਾਨ

Platform: Google meet Google Meet


CONTACT FOR MORE INFORMATION:

DR. TRIPTA
98550-22047

DR. SUKHIWINDER SINGH
87279-90806

College Website: www.malwaedu.in Email Id:malwaedu_ldh@yahoo.in

CONTACT: 0161-2410920


NOTE:

*All registered participants will be awarded with e-Certificate of participation.*